

## ਕੀ ਮੈਨੂੰ ਇੱਕ ਡੈਂਟਿਸਟ ਕੋਲ ਰਜਿਸਟਰ ਕਰਵਾਉਣ ਦੀ ਜ਼ਰੂਰਤ ਹੈ ?

ਜੇ ਤੁਸੀਂ NHS ਦੇ ਕਿਸੇ ਡੈਂਟਿਸਟ ਕੋਲ ਰਜਿਸਟਰਡ ਨਹੀਂ ਹੋ, ਤਾਂ ਕੋਈ ਚਿੰਤਾ ਨਾ ਕਰੋ। ਤੁਹਾਡੇ ਦੰਦਾਂ ਨੂੰ ਜਿਸ ਦੇਖਭਾਲ ਦੀ ਜ਼ਰੂਰਤ ਹੈ, ਅਸੀਂ ਤੁਹਾਡੇ ਲਈ ਉਸ ਨੂੰ ਲੈਣਾ ਆਸਾਨ ਕਰ ਦਿੱਤਾ ਹੈ। ਹੁਣ ਤੁਹਾਨੂੰ ਕਿਸੇ ਡੈਂਟਿਸਟ ਕੋਲ ਰਜਿਸਟਰ ਕਰਵਾਉਣ ਦੀ ਜ਼ਰੂਰਤ ਨਹੀਂ। ਜੇ ਪਹਿਲਾਂ ਹੀ ਰਜਿਸਟਰਡ ਹੋ, ਤਾਂ ਤੁਸੀਂ ਉਸ ਡੈਂਟਿਸਟ ਕੋਲੋਂ ਜਿਸ ਕੋਲ ਤੁਸੀਂ ਅਕਸਰ ਜਾਂਦੇ ਹੋ, ਅਜੇ ਵੀ ਆਪਣਾ ਇਲਾਜ ਕਰਵਾਉਣਾ ਜਾਰੀ ਰੱਖ ਸਕਦੇ ਹੋ।

ਹੋਰ ਜਾਣਕਾਰੀ ਲਈ, ਇਸ ਕਿਤਾਬਚੀ ਦੇ ਪਿੱਛੇ ਸੰਪਰਕ ਵੇਰਵਿਆਂ ਨੂੰ ਵੇਖੋ। ਤੁਹਾਡੀ ਆਪਣੀ ਮਰਜ਼ੀ ਹੈ ਕਲਿੱਕ ਕਰੋ ਜਾਂ ਕਾਲ ਕਰੋ।

## ਮੈਨੂੰ ਡੈਂਟਿਸਟ ਕੋਲ ਕਿੰਨੀ ਵਾਰ ਜਾਣ ਦੀ ਜ਼ਰੂਰਤ ਪਏਗੀ ?

ਜਾਂਚਾਂ ਵਿਚਕਾਰਲਾ ਵਕਫ਼ਾ ਤੁਹਾਡੇ ਮੂੰਹ, ਦੰਦਾਂ ਅਤੇ ਮਸੂੜਿਆਂ ਦੀ ਸਿਹਤ ਤੇ ਨਿਰਭਰ ਕਰੇਗਾ। ਇਹਨਾਂ ਤੇ ਤੁਹਾਡੀ ਸਮੁੱਚੀ ਸਿਹਤ ਜਾਂ ਤੁਹਾਨੂੰ ਜੀਵਨ ਸ਼ੈਲੀ, ਤੁਹਾਡੀ ਉਮਰ ਅਤੇ ਭਵਿੱਖ ਦੀਆਂ ਸਮੱਸਿਆਵਾਂ ਦੇ ਖ਼ਤਰਿਆਂ ਦਾ ਅਸਰ ਪੈਂਦਾ ਹੈ।

ਇੱਕ ਜਾਂਚ ਤੋਂ ਅਗਲੀ ਜਾਂਚ ਵਿੱਚਕਾਰ ਦਾ ਸਮਾਂ ਤਿੰਨ ਮਹੀਨੇ ਜਿੰਨਾ ਘੱਟ ਵੀ ਹੋ ਸਕਦਾ ਹੈ ਜਾਂ ਦੋ ਸਾਲ ਜਿੰਨਾ ਲੰਮਾਂ ਵੀ ਹੋ ਸਕਦਾ ਹੈ। ਜੇ ਤੁਹਾਡੀ ਉਮਰ 18 ਸਾਲ ਤੋਂ ਹੇਠਾਂ ਹੈ, ਤਾਂ ਇਸਦੇ ਇੱਕ ਸਾਲ ਦੇ ਅੰਦਰ ਅੰਦਰ ਹੋਣ ਦੀ ਸੰਭਾਵਨਾ ਹੈ। ਤੁਹਾਡੇ ਡੈਂਟਿਸਟ ਨੂੰ ਇਸ ਬਾਰੇ ਤੁਹਾਡੇ ਨਾਲ ਵਿਚਾਰ ਵਟਾਦਰਾਂ ਕਰਨਾ ਚਾਹੀਦਾ ਹੈ।

## ਜੇ ਮੈਨੂੰ ਇੱਕ ਹੰਗਾਮੀ (ਐਮਰਜੈਂਸੀ) ਅਪਾਂਇਟਮੈਂਟ ਦੀ ਜ਼ਰੂਰਤ ਹੋਈ ਤਾਂ ਕੀ ਹੋਏਗਾ ?

ਜੇ ਤੁਹਾਡਾ ਕੋਈ ਡੈਂਟਿਸਟ ਹੈ, ਅਤੇ ਤੁਹਾਡੇ ਲਈ ਇਲਾਜ ਕਰਾਉਣਾ ਅਤਿ ਜ਼ਰੂਰੀ ਹੈ ਤਾਂ ਬਸ ਤੁਸੀਂ ਫ਼ੋਨ ਕਰਕੇ ਉਸ ਨਾਲ ਸੰਪਰਕ ਕਰੋ।

ਜੇ ਤੁਹਾਡਾ ਕੋਈ ਡੈਂਟਿਸਟ ਨਹੀਂ ਤਾਂ 0116 295 7017 (ਸੋਮਵਾਰ ਤੋਂ ਸ਼ੁਕਰਵਾਰ ਤਕ ਸਵੇਰੇ 8.30 ਤੋਂ ਸ਼ਾਮ ਦੇ 4.30 ਤਕ) ਤੇ ਕਾਲ ਕਰਕੇ ਕਿਸੇ ਉਸ ਡੈਂਟਿਸਟ ਦਾ ਪਤਾ ਕਰੋ ਜੋ ਤੁਹਾਨੂੰ ਅਤਿ ਆਵੱਸ਼ਕ ਸਹਾਇਤਾ ਮੁਹੱਈਆ ਕਰ ਸਕਦਾ ਹੈ।

ਨਿਸਚਿਤ ਸਮੇਂ ਤੋਂ ਬਾਹਰ ਦੇ ਇਲਾਜ ਲਈ ਤੁਸੀਂ NHS ਡਾਇਰੈਕਟ 24 ਘੰਟੇ ਹਰ ਰੋਜ਼ ਤੇ 0845 4647 ਤੇ ਵੀ ਕਾਲ ਕਰ ਸਕਦੇ ਹੋ।

**ਆਪਣੀ ਜਾਂਚ ਹੁਣੇ ਹੀ ਰਾਖਵੀਂ ਕਰੋ**

**0116 295 7017 ਤੇ ਕਾਲ ਕਰੋ**

ਸਾਡੇ ਸਹਾਈ ਜਾਣਕਾਰੀ ਦੇਣ ਵਾਲੇ ਤੁਹਾਨੂੰ ਤੁਹਾਡੇ ਸਭ ਤੋਂ ਨੇੜੇ ਦੇ NHS ਡੈਂਟਿਸਟ ਦਾ ਪਤਾ ਅਤੇ ਉਹਨਾਂ ਦੇ ਸੰਪਰਕ ਵੇਰਵੇ ਦੇਣਗੇ।

**www.leicestercity.nhs.uk/dentists**

ਜੇ ਤੁਹਾਨੂੰ ਇਸ ਦਸਤਾਵੇਜ਼ ਨੂੰ ਸਮਝਣ ਵਿੱਚ ਸਹਾਇਤਾ ਚਾਹੀਦੀ ਹੋਵੇ ਤਾਂ ਕਿਰਪਾ ਕਰਕੇ 0116 295 4743 ਤੇ ਕਾਲ ਕਰੋ।

NHS ਲੀਸੈਸਟਰ ਸਿਟੀ Leicester City Primary Care Trust, St John’s House, 30 East Street, Leicester, LE1 6NB ਦਾ ਕੰਮਕਾਜੀ ਨਾਂਅ ਹੈ।
ਈਮੇਲ :**comments@leicestercity.nhs.uk.**



ਛੱਪਣ ਵੇਲੇ ਤਕ ਵਿਸ਼ਾ ਵਸਤੂ ਸਹੀ। ਨਵੰਬਰ 2009.

**NHS**
**Leicester City**

# NHS ਦੀਆਂ ਡੈਂਟਲ (ਦੰਦਾਂ ਲਈ) ਅਪਾਇੰਟਮੈਂਟਾਂ ਉਪਲਬਧ ਹਨ।

## ਹੁਣੇ ਹੀ ਕਾਲ ਕਰੋ !



## ਆਖ਼ਿਰਕਾਰ ਹੁਣ ਕੁਝ ਹੈ, ਜਿਸ ਬਾਰੇ ਅਸੀਂ ਮੁਸਕਰਾ ਸਕਦੇ ਹਾਂ

# ਲੀਸੈਸਟਰ (Leicester) ਵਿੱਚ ਇੱਕ NHS ਦਾ ਡੈਂਟਿਸਟ (ਦੰਦਾਂ ਦਾ ਡਾਕਟਰ) ਲੱਭਣਾ ਇਸ ਤੋਂ ਵੱਧ ਹੋਰ ਆਸਾਨ ਨਹੀਂ ਹੋ ਸਕਦਾ

ਤੁਹਾਡੇ ਮੂੰਹ ਦੀ ਚੰਗੀ ਹਾਈਜੀਨ (ਅਰੋਗਤਾ) ਕਾਇਮ ਰੱਖਣ ਲਈ ਅਸੀਂ ਦੰਦਾਂ ਲਈ ਵਧੀਕ ਅਪਾਂਇਟਮੈਂਟਾਂ ਲਈ ਪੂੰਜੀ ਲਾਈ ਹੈ।

ਪਰਹੇਜ਼ ਅਤੇ ਰੋਕਥਾਮ ਇਲਾਜ ਤੋਂ ਬਿਹਤਰ ਹੈ ਇਸ ਲਈ ਆਪਣੀ ਜਾਂਚ ਹੁਣੇ ਹੀ ਰਾਖਵੀਂ ਕਰੋ। ਦਰਦ ਹੋਣ ਤਕ ਨਾ ਉਡੀਕੋ!

**ਤੁਹਾਨੂੰ ਰਜਿਸਟਰ ਹੋਣ ਦੀ ਲੋੜ ਨਹੀਂ। ਅਤੇ ਜਿਹੜੇ ਵਸਨੀਕ ਯੋਗ ਪਾਤਰ ਹਨ, ਉਹਨਾਂ ਲਈ NHS ਦਾ ਇਲਾਜ ਮੁਫ਼ਤ ਹੈ।**

- ਆਪਣੇ ਸਭ ਤੋਂ ਨੇੜੇ ਦੇ ਉਹਨਾਂ ਡੈਂਟਿਸਟਾਂ (ਦੰਦਾਂ ਦੇ ਡਾਕਟਰ) ਜਿਨਾਂ ਕੋਲ ਅਪਾਂਇਟਮੈਂਟਾਂ ਹਨ, ਬਾਰੇ ਜਾਣਨ ਲਈ 0116 295 7017 ਤੇ ਕਾਲ ਕਰੋ।
- ਜਿਨਾਂ ਡੈਂਟਿਸਟਾਂ ਕੋਲ ਅਪਾਂਇਟਮੈਂਟਾਂ ਹਨ, ਉਹਨਾਂ ਦੇ ਵੇਰਵਿਆਂ ਲਈ **www.leicestercity.nhs.uk/dentists** ਵੇਖੋ।.




### ਦੰਦਾਂ ਦੇ ਇਲਾਜ ਤੇ ਕਿੰਨਾ ਖ਼ਰਚ ਆਏਗਾ ?

ਇਹ ਜਾਣਨ ਲਈ ਕਿ ਕੀ ਤੁਹਾਡਾ ਇਲਾਜ ਮੁਫ਼ਤ ਹੋ ਸਕਦਾ ਹੈ ਸੱਜੇ ਪਾਸੇ ਦੀ ਲਿਸਟ ਵੇਖੋ। ਮੁਫ਼ਤ ਇਲਾਜ ਦਾ ਦਾਅਵਾ ਕਰਨ ਲਈ ਤੁਹਾਨੂੰ ਦਸਤਾਵੇਜ਼ੀ ਸਬੂਤ ਨਾਲ ਲਿਜਾਣ ਦੀ ਜ਼ਰੂਰਤ ਹੋਏਗੀ।

ਜੇ ਨਹੀਂ, ਤਾਂ ਖ਼ਰਚ ਉਸ ਇਲਾਜ ਤੇ ਨਿਰਭਰ ਕਰੇਗਾ, ਜਿਸ ਦੀ ਤੁਹਾਨੂੰ ਜ਼ਰੂਰਤ ਹੈ। ਤੁਹਾਨੂੰ ਹਰ ਇਲਾਜ ਦੇ ਪੂਰੇ ਕੋਰਸ ਲਈ ਇੱਕੋ ਵਾਰ ਅਦਾਇਗੀ ਕਰਨ ਲਈ ਕਿਹਾ ਜਾਣਾ ਚਾਹੀਦਾ ਹੈ – ਜਾਂ ਬੈਂਡ 1, 2 ਜਾਂ 3 – ਭਾਂਵੇਂ ਉਸ ਇਲਾਜ ਨੂੰ ਖ਼ਤਮ ਕਰਨ ਲਈ ਤੁਹਾਨੂੰ ਡੈਂਟਿਸਟ ਕੋਲ ਇੱਕ ਤੋਂ ਵੱਧ ਵਾਰ ਜਾਣਾ ਪਏ।

### ਇਲਾਜ ਦੇ ਬੈਂਡਾਂ ਵਿੱਚ ਕੀ ਕੀ ਸ਼ਾਮਲ ਹੈ ?

**ਬੈਂਡ 1 £16.50**

ਇਸ ਤਹਿਤ ਮੁਆਇਨਾ, ਡਾਇਗਨੋਸਿਸ (ਤਸ਼ਖੀਸ) (ਜਿਵੇਂ ਕਿ ਐਕਸ-ਰੇਜ਼), ਭਵਿੱਖ ਵਿੱਚ ਹੋਣ ਵਾਲੀਆਂ ਸਮੱਸਿਆਵਾਂ ਤੋਂ ਕਿਵੇਂ ਬੱਚਿਆ ਜਾਏ ਬਾਰੇ ਸਲਾਹ, ਦੰਦ ਸਾਫ਼ ਅਤੇ ਪਾਲਿਸ਼ ਕਰਨੇ, ਫਲੂਰਾਈਡ ਵਾਰਨਿਸ਼ ਜਾਂ ਦੰਦਾਂ ਵਿੱਚਕਾਰ ਦਰਾੜਾਂ ਨੂੰ ਭਰਨਾ ਸ਼ਾਮਲ ਹੈ।

**ਬੈਂਡ 2 £46.50**

ਬੈਂਡ 1 ਵਿੱਚ ਦੇਖਭਾਲ ਇਸਦੇ ਨਾਲ ਨਾਲ ਦੰਦ ਭਰਨਾ, ਰੂਟ ਕੈਨਾਲ ਦਾ ਕੰਮ ਜਾਂ ਇੱਕ ਜਾਂ ਇੱਕ ਤੋਂ ਵੱਧ ਦੰਦ ਕਢਵਾਉਣੇ ਸ਼ਾਮਲ ਹਨ।



**ਬੈਂਡ 3 £198.00**

ਬੈਂਡ 1 ਅਤੇ 2 ਵਿੱਚ ਜੋ ਹੈ ਉਹ ਸਭ ਅਤੇ ਨਾਲ ਹੀ ਕਰਾਉਨ (ਦੰਦ ਦਾ ਉਪਰਲਾ ਹਿੱਸਾ) ਲਾਣੇ, ਬਣਾਉਟੀ ਦੰਦ ਅਤੇ ਦੰਦਾਂ ਵਿੱਚਕਾਰ ਬਰਿੱਜ (ਪੁੱਲ) ਬਣਾਉਣਾ ਸ਼ਾਮਲ ਹੈ।

NHS Leicester City

## ਕੀ ਇਲਾਜ ਮੁਫ਼ਤ ਹੋ ਸਕਦਾ ਹੈ ਜਾਂ ਖ਼ਰਚੇ ਵਿੱਚ ਕੁਝ ਸਹਾਇਤਾ ਮਿਲ ਸਕਦੀ ਹੈ?

### NHS ਦਾ ਦੰਦਾਂ ਦਾ ਇਲਾਜ ਮੁਫ਼ਤ ਹੋ ਸਕਦਾ ਹੈ ਜੇ ਤੁਸੀ:

- 18 ਸਾਲ ਤੋਂ ਘੱਟ ਉਮਰ ਦੇ (ਜਾਂ 18 ਸਾਲ ਦੇ ਹੋ ਅਤੇ ਪੂਰੇ ਸਮੇਂ ਦੀ ਸਿਖਿਆ ਲੈ ਰਹੇ ਹੋਵੋ) ਜਾਂ
- ਗਰਭਵਤੀ ਹੋ ਜਾਂ ਪਿਛਲੇ 12 ਮਹੀਨਿਆਂ ਦੌਰਾਨ ਤੁਹਾਡਾ ਬੱਚਾ ਪੈਦਾ ਹੋਇਆ ਹੈ, ਜਾਂ
- ਹਸਪਤਾਲ ਦੇ ਅੰਦਰਲੇ ਬੀਮਾਰ ਹੋ ਅਤੇ ਹਸਪਤਾਲ ਦਾ ਡੈਂਟਿਸਟ ਤੁਹਾਡਾ ਇਲਾਜ ਕਰ ਰਿਹਾ ਹੈ, ਜਾਂ
- NHS ਡੈਂਟਲ ਸਰਵਿਸ ਦੇ ਹਸਪਤਾਲ ਤੋਂ ਬਾਹਰ ਦੇ ਮਰੀਜ਼ ਹੋ (ਪਰ ਇਸ ਵਿੱਚ ਬਣਾਉਟੀ ਦੰਦ ਜਾਂ ਬਰਿੱਜ (ਪੁੱਲ)) ਬਣਾਉਣਾ ਸ਼ਾਮਲ ਨਹੀਂ ਹੈ।

**ਇਹ ਤਾਂ ਵੀ ਮੁਫ਼ਤ ਹੈ ਜੇ ਤੁਸੀਂ ਜਾਂ ਤੁਹਾਡੇ ਸਾਥੀ ਨੂੰ :**

- ਆਮਦਨ ਵਿੱਚ ਸਹਾਇਤਾ ਜਾਂ ਆਮਦਨ ਸੰਬੰਧੀ ਰੋਜ਼ਗਾਰ ਅਤੇ ਸਪੋਰਟ ਅਲਾਉਂਸ ਮਿਲ ਰਿਹਾ ਹੈ, ਜਾਂ
- ਆਮਦਨ ਤੇ ਆਧਾਰਿਤ ਨੌਕਰੀ ਲੱਭਣ ਲਈ ਅਲਾਉਂਸ, ਜਾਂ
- ਇੱਕ ਪੈਨਸ਼ਨ ਕਰੈਡਿਟ ਗਾਰੰਟੀ ਕਰੈਡਿਟ ਹੈ।

**ਅਤੇ ਇਹ ਮੁਫ਼ਤ ਹੈ ਜੇ ਤੁਹਾਡੇ ਕੋਲ**

- NHS ਦੇ ਟੈਕਸ ਕਰੈਡਿਟ (ਕਰਜ਼ੇ) ਤੋਂ ਛੋਟ ਦਾ ਸਰਟੀਫ਼ਿਕੇਟ ਜਾਂ ਤੁਹਾਨੂੰ ਇਸਨੂੰ ਲੈਣ ਦਾ ਅਧਿਕਾਰ ਹੈ, ਜਾਂ
- ਇੱਕ ਵੈਧ HC2 ਸਰਟੀਫ਼ਿਕੇਟ।
  ਜਾਬਸੈਂਟਰ ਪਲਸ, ਜੀਪੀ, ਡੈਂਟਿਸਟਾਂ ਤੋਂ ਇੱਕ HC1 ਫ਼ਾਰਮ ਲੈ ਕੇ ਅਰਜ਼ੀ ਦਿਓ ਜਾਂ ਇਸ ਦਾ ਆਰਡਰ ਦੇਣ ਲਈ 0845 610  1112 ਤੇ ਕਾਲ ਕਰੋ।

ਕਿਰਪਾ ਕਰਕੇ ਆਪਣੇ ਨਾਲ ਦਸਤਾਵੇਜ਼ੀ ਸਬੂਤ ਨਾਲ ਲੈ ਜਾਣਾ ਯਾਦ ਰੱਖੋ ਤਾਂ ਜੋ ਡੈਂਟਿਸਟ ਨੂੰ ਪਤਾ ਲਗੇ ਕਿ ਤੁਸੀਂ ਮੁਫ਼ਤ ਇਲਾਜ ਦੇ ਹੱਕਦਾਰ ਹੋ।

## NHS ਦੇ ਦੰਦਾਂ ਦੇ ਇਲਾਜ (ਡੈਂਟਿਸਟਰੀ) ਲਈ ਵਾਪਸ ਆਉਣ ਤੇ ਤੁਹਾਡਾ ਸੁਆਗਤ ਹੈ